# ਸ਼੍ਰੀ ਮੁਕਤੇਸ਼ ਕੇ. ਪਰਦੇਸੀ, ਸਕੱਤਰ (CPV ਅਤੇ OIA) ਦਾ ਸਾਊਦੀ ਅਰਬ ਨੂੰ ਅਧਿਕਾਰਤ ਦੌਰਾ (ਮਈ 04-07, 2024)

ਮਈ 08, 2024

ਸ਼੍ਰੀ ਮੁਕਤੇਸ਼ ਕੇ. ਪਰਦੇਸੀ, ਸਕੱਤਰ (CPV ਅਤੇ OIA) ਨੇ, ਭਾਰਤ ਅਤੇ ਸਾਊਦੀ ਅਰਬ ਦਰਮਿਆਨ ਰਣਨੀਤਕ ਸਾਂਝੇਦਾਰੀ ਨੂੰ ਮਜ਼ਬੂਤ ਕਰਨ ਦੇ ਮੰਤਵ ਨਾਲ, 4 ਤੋਂ 7 ਮਈ, 2024 ਤੱਕ ਕੀਤੇ ਗਏ ਸਾਊਦੀ ਅਰਬ ਰਾਜ ਦੇ ਇੱਕ ਅਧਿਕਾਰਤ ਦੌਰੇ ਨੂੰ, ਪੂਰਾ ਕੀਤਾ।

2. ਆਪਣੇ ਦੌਰੇ ਦੇ ਦੌਰਾਨ, ਸਕੱਤਰ ਨੇ ਜੇਦਾਹ ਅਤੇ ਮਦੀਨਾ ਵਿੱਚ ਹੱਜ 2024 ਦੀਆਂ ਤਿਆਰੀਆਂ ਦੀ ਨਜ਼ਰਸ਼ਾਨੀ ਕੀਤੀ। ਉਨ੍ਹਾਂ ਨੇ ਉਪ ਹੱਜ ਮੰਤਰੀ ਮਹਾਮਹਿਮ ਡਾ. ਅਬਦੁਲ ਫਤਹ ਮਸ਼ਾਤ ਨਾਲ ਮੁਲਾਕਾਤ ਕੀਤੀ ਅਤੇ ਤੀਰਥ ਯਾਤਰੀਆਂ ਦੀ ਭਲਾਈ ਅਤੇ ਆਰਾਮ ਦੇ ਉਦੇਸ਼ ਨਾਲ ਕੀਤੇ ਗਏ ਲੌਜਿਸਟੀਕਲ ਪ੍ਰਬੰਧਾਂ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਬਾਰੇ ਚਰਚਾ ਕੀਤੀ। ਇਸ ਸਾਲ, 2024 ਦੇ ਹੱਜ ਕੋਟੇ ਦੇ ਤਹਿਤ ਕੁੱਲ 1,75,025 ਭਾਰਤੀ ਸ਼ਰਧਾਲੂ ਸਾਊਦੀ ਅਰਬ ਦੀ ਯਾਤਰਾ ਕਰਨਗੇ।

3. ਰਿਆਧ ਦੇ ਵਿੱਚ, ਸਕੱਤਰ ਨੇ ਮਹਾਮਹਿਮ ਡਾ. ਸਾਊਦ ਬਿਨ ਮੁਹੰਮਦ ਅਲ ਸਤੀ, ਜੋ ਸਾਊਦੀ ਵਿਦੇਸ਼ ਮੰਤਰਾਲੇ ਵਿੱਚ ਰਾਜਨੀਤਕ ਮਾਮਲਿਆਂ ਦੇ ਉਪ ਮੰਤਰੀ ਹਨ, ਨਾਲ ਮਹੱਤਵਪੂਰਨ ਚਰਚਾਵਾਂ ਕੀਤੀਆਂ, ਅਤੇ ਦੁਵੱਲੇ ਅਤੇ ਆਪਸੀ ਹਿੱਤਾਂ ਦੇ ਕਈ ਵਿਸ਼ਿਆਂ ਦੇ ਅਤਿਰਿਕਤ, ਰਣਨੀਤਕ ਭਾਈਵਾਲੀ ਪਰਿਸ਼ਦ (SPC) ਦੇ ਤਹਿਤ ਪ੍ਰਗਤੀ ਦੀ ਸਮੀਖਿਆ ਕੀਤੀ। ਸਕੱਤਰ ਨੇ ਵੱਖ-ਵੱਖ ਖੇਤਰਾਂ ਵਿੱਚ KSA ਨਾਲ ਸਹਿਯੋਗ ਨੂੰ ਮਜ਼ਬੂਤ ਕਰਨ ਦੇ ਪ੍ਰਤੀ ਭਾਰਤ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

4. ਆਰਥਿਕ ਪੱਖ 'ਤੇ, ਸਕੱਤਰ ਨੇ ਨਵਿਆਉਣਯੋਗ ਊਰਜਾ ਦੇ ਖੇਤਰ ਅਤੇ ਗਰਿੱਡ ਕਨੈਕਟੀਵਿਟੀ ਸਮੇਤ ਊਰਜਾ ਸਹਿਯੋਗ ਨੂੰ ਡੂੰਘਾ ਕਰਨ ਬਾਰੇ ਚਰਚਾ ਕਰਨ ਦੇ ਵਾਸਤੇ, ਬਿਜਲੀ ਮਾਮਲਿਆਂ ਦੇ ਸਹਾਇਕ ਮੰਤਰੀਆਂ, ਮਹਾਮਹਿਮ ਨਾਸਿਰ ਅਲ ਕਾਹਤਾਨੀ ਅਤੇ ਊਰਜਾ ਮੰਤਰਾਲੇ ਵਿੱਚ ਪੈਟਰੋਲੀਅਮ ਅਤੇ ਗੈਸ ਮਾਮਲੇ ਦੇ ਸਹਾਇਕ ਮੰਤਰੀ, ਮਹਾਮਹਿਮ ਇੰਜ. ਮੁਹੰਮਦ ਇਬਰਾਹਿਮ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਦੋਵੇਂ ਮੁਲਕਾਂ ਦੇ ਦਰਮਿਆਨ ਨਿਵੇਸ਼ ਨੂੰ ਸੁਵਿਧਾਜਨਕ ਬਣਾਉਣ ਬਾਰੇ ਵੀ ਚਰਚਾ ਕੀਤੀ। ਸਾਊਦੀ ਸੈਂਟਰ ਫਾਰ ਇੰਟਰਨੈਸ਼ਨਲ ਸਟ੍ਰੈਟੇਜਿਕ ਪਾਰਟਨਰਸ਼ਿਪ (SCISP) ਦੇ ਪ੍ਰਧਾਨ ਅਤੇ CEO ਡਾ. ਰਾਡ ਅਲ ਬਾਰਾਕਤੀ ਨਾਲ ਇੱਕ ਵੱਖਰੀ ਬੈਠਕ ਵਿੱਚ ਦੋਵੇਂ ਪੱਖਾਂ ਨੇ SPC ਦੇ ਆਰਥਿਕ ਥੰਮ੍ਹ ਅਧੀਨ ਕੰਮ ਦੀ ਨਜ਼ਰਸ਼ਾਨੀ ਕੀਤੀ।

5. ਖਾੜੀ ਸਹਿਯੋਗ ਪਰਿਸ਼ਦ (GCC) ਨਾਲ ਗੱਲਬਾਤ ਕਰਨਾ, ਇਸ ਦੌਰੇ ਦਾ ਇੱਕ ਮਹੱਤਵਪੂਰਨ ਕਾਰਜ-ਕੇਂਦਰ ਸੀ। ਸਕੱਤਰ ਨੇ ਰਿਆਧ ਵਿੱਚ GCC ਸਕੱਤਰੇਤ ਦਾ ਦੌਰਾ ਕੀਤਾ ਅਤੇ GCC ਦੇ ਸਹਾਇਕ ਸਕੱਤਰ, ਜਨਰਲ ਮਹਾਮਹਿਮ ਡਾ. ਅਬਦੁੱਲਾਜ਼ੀਜ਼ ਅਲੂਵੈਸ਼ਗ ਨਾਲ ਇੱਕ ਬੈਠਕ ਕੀਤੀ। ਦੋਵੇਂ ਪੱਖਾਂ ਨੇ ਸਬੰਧਾਂ ਦੇ ਸੰਸਥਾਗਤ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਵਪਾਰ, ਸੁਰੱਖਿਆ, ਊਰਜਾ ਅਤੇ ਸੱਭਿਆਚਾਰਕ ਅਦਾਨ-ਪ੍ਰਦਾਨ ਸਮੇਤ ਵੱਖ-ਵੱਖ ਖੇਤਰਾਂ ਵਿੱਚ ਸਬੰਧਾਂ ਨੂੰ ਵਧਾਉਣ ਬਾਰੇ ਚਰਚਾ ਕੀਤੀ। ਦੋਵੇਂ ਪੱਖਾਂ ਨੇ ਖੇਤਰੀ ਅਤੇ ਅੰਤਰਰਾਸ਼ਟਰੀ ਹਾਲਾਤਾਂ 'ਤੇ ਵਿਚਾਰਾਂ ਦਾ ਅਦਾਨ-ਪ੍ਰਦਾਨ ਕੀਤਾ।

6. ਆਪਣੀ ਯਾਤਰਾ ਦੇ ਦੌਰਾਨ, ਸਕੱਤਰ ਨੇ ਸਾਊਦੀ ਅਰਬ ਵਿੱਚ ਵਸਦੇ 2.4 ਮਿਲੀਅਨ ਭਾਰਤੀ ਭਾਈਚਾਰੇ ਦੇ ਹਾਲ-ਚਾਲ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਨੇ ਭਾਰਤੀ ਭਾਈਚਾਰੇ ਦੀ ਭਲਾਈ ਨੂੰ ਯਕੀਨੀ ਬਣਾਉਣ ਦੇ ਵਾਸਤੇ, ਰਾਜ ਦੀ ਲੀਡਰਸ਼ਿਪ ਦੇ ਉਪਰਾਲਿਆਂ ਦੀ ਤਾਰੀਫ ਕੀਤੀ। ਉਨ੍ਹਾਂ ਨੇ ਜੇਦਾਹ ਅਤੇ ਰਿਆਦ ਦੋਵੇਂ ਜਗਾਹ, ਜੀਵੰਤ ਭਾਈਚਾਰੇ ਨਾਲ

ਗੱਲਬਾਤ ਕੀਤੀ। ਸਕੱਤਰ ਨੇ ਸਾਊਦੀ ਅਰਬ ਦੇ ਸਮਾਜਿਕ-ਆਰਥਿਕ ਢਾਂਚੇ ਵਿੱਚ ਭਾਰਤੀ ਭਾਈਚਾਰੇ ਦੁਆਰਾ ਪਾਏ ਯੋਗਦਾਨ ਦੀ ਤਾਰੀਫ ਕੀਤੀ ਅਤੇ ਉਨ੍ਹਾਂ ਨੂੰ ਭਾਰਤ ਸਰਕਾਰ ਵਲੋਂ ਲਗਾਤਾਰ ਸਮਰਥਨ ਅਤੇ ਸਹਾਇਤਾ ਦਾ ਭਰੋਸਾ ਦਿੱਤਾ।

7. ਸਕੱਤਰ (CPV ਅਤੇ OIA) ਦੇ ਦੌਰੇ ਨੇ ਭਾਰਤ ਅਤੇ ਸਾਊਦੀ ਅਰਬ ਅਤੇ GCC ਦਰਮਿਆਨ ਸਬੰਧਾਂ ਦੀ ਡੂੰਘਾਈ ਅਤੇ ਚੌੜਾਈ ਨੂੰ ਰੇਖਾਂਕਿਤ ਕੀਤਾ ਅਤੇ ਵੱਖੋ-ਵੱਖਰੇ ਖੇਤਰਾਂ ਵਿੱਚ ਆਪਸੀ ਖੁਸ਼ਹਾਲੀ ਅਤੇ ਸਹਿਯੋਗ ਪ੍ਰਤੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

**ਨਵੀਂ ਦਿੱਲੀ**
**ਮਈ 08, 2024**